੮


ਬਾਲ-ਮਿਤਰ ਗਿਆਨ-ਵਿਗਿਆਨ ਮਾਲਾ

# ਸਾਡੇ ਪਸ਼ੂ

ਸੰਤਰਾਮ ਵੱਤਸ੍ਯ



ਬਾਲ-ਮਿਤਰ ਗਿਆਨ-ਵਿਗਿਆਨ ਮਾਲਾ



# ਸਾਡੇ ਪਸ਼ੂ

ਸੰਤਰਾਮ ਵੱਤਸ੍ਯ



ਨੈਸ਼ਨਲ ਪਬਲਿਸ਼ਿੰਗ ਹਾਊਸ, ਦਿੱਲੀ-੬

ਪਰਕਾਸ਼ਕ
ਨੈਸ਼ਨਲ ਪਬਲਿਸ਼ਿੰਗ ਹਾਊਸ
ਅਨਸਾਰੀ ਰੋਡ, ਦਰਿਆ ਗੰਜ, ਦਿੱਲੀ-੬

ਪਹਿਲੀ ਵਾਰ : ੧੯੭੦

ਮੁਲ : ੧.੫੦

ਚਿਤ੍ਰਕਾਰ
ਹਰਿਪਾਲ ਤਿਆਗੀ

ਮੁਦਰਕ
**ਭਾਰਤ ਮੁਦਰਨਾਲਿਆ**
ਨਵੀਨ ਸ਼ਾਹਦਰਾ—ਦਿੱਲੀ-੩੨



# ਪਸ਼ੂ

ਪਸ਼ੂਆਂ ਦੀ ਪਛਾਣ ਇਹ ਹੈ ਕਿ
ਉਨ੍ਹਾਂ ਦੇ ਚਾਰ ਪੈਰ ਹੁੰਦੇ ਹਨ।
ਇਸ ਲਈ ਪਸ਼ੂਆਂ ਨੂੰ ਚੌਪਾਇਆ ਵੀ ਕਹਿੰਦੇ ਹਨ।
ਪਸ਼ੂਆਂ ਦੀ ਦੂਸਰੀ ਪਛਾਣ ਇਹ ਹੈ ਕਿ
ਇਹ ਅੰਡੇ ਨਹੀਂ, ਬੱਚੇ ਜੰਮਦੇ ਹਨ
ਅਤੇ ਪਸ਼ੂਆਂ ਦੇ ਬੱਚੇ ਮਾਂ ਦੇ ਦੁੱਧ ਉਪਰ ਪਲਦੇ ਹਨ।
ਪਸ਼ੂਆਂ ਦੇ ਸਰੀਰ ਉਪਰ ਵਾਲ ਹੁੰਦੇ ਹਨ।
ਇਹ ਅਕਸਰ ਧਰਤੀ ਉਪਰ ਰਹਿੰਦੇ ਹਨ।





ਪਸ਼ੂ ਛੋਟੇ-ਵੱਡੇ,
ਪਾਲਤੂ ਅਤੇ ਜੰਗਲੀ,
ਘਾਹ ਖਾਣ ਵਾਲੇ ਅਤੇ
ਮਾਸ ਖਾਣ ਵਾਲੇ ;
ਅਕਾਸ਼ ਵਿਚ ਉਡਣ ਵਾਲੇ
ਅਤੇ ਪਾਣੀ ਵਿਚ ਰਹਿਣ ਵਾਲੇ,
ਬਾਂਦਰ ਵਰਗੇ ਡਾਲ-ਡਾਲ
ਟਪਣ ਵਾਲੇ,
ਕਈ ਤਰ੍ਹਾਂ ਦੇ ਹੁੰਦੇ ਹਨ ।










ਪਸ਼ੂਆਂ ਦੇ ਪੈਰਾਂ ਦੇ ਸਿਰੇ ਵੱਖ-ਵੱਖ ਪ੍ਰਕਾਰ ਦੇ ਹੁੰਦੇ ਹਨ।
ਕਈਆਂ ਦੀਆਂ ਉਂਗਲਾਂ ਉਪਰ ਨਹੁੰ ਹੁੰਦੇ ਹਨ।
ਇਸ ਨੂੰ ਪੰਜਾ ਵੀ ਕਹਿੰਦੇ ਹਨ।
ਕਈਆਂ ਦੇ ਗਊਆਂ-ਮਝਾਂ ਵਰਗੇ ਖੁਰ ਹੁੰਦੇ ਹਨ।
ਖੁਰ ਅਗੋਂ ਚਿਰੇ ਹੋਏ ਹੁੰਦੇ ਹਨ।
ਕਈਆਂ ਦੇ ਘੋੜਿਆਂ ਵਰਗੇ ਸੁਮ ਹੁੰਦੇ ਹਨ।
ਊਠ, ਹਾਥੀ ਅਤੇ ਗੈਂਡੇ ਆਦਿਕ ਦੇ ਪੈਰ
ਵਖਰੀ ਕਿਸਮ ਦੇ ਹੁੰਦੇ ਹਨ।



ਮਾਸ ਖਾਣ ਵਾਲੇ ਪਸ਼ੂਆਂ ਦੇ ਨਹੁੰ
ਤਿੱਖੇ ਅਤੇ ਲੰਮੇ ਹੁੰਦੇ ਹਨ ।
ਹਿਰਨ ਆਦਿਕ ਪਸ਼ੂਆਂ ਦੀਆਂ ਲਤਾਂ
ਲੰਮੀਆਂ ਅਤੇ ਪਤਲੀਆਂ ਹੁੰਦੀਆਂ ਹਨ ।
ਤਾਂਕਿ ਉਹ ਸ਼ਿਕਾਰੀ ਪਸ਼ੂਆਂ ਦਾ ਪਿਛਾ ਕਰਨ ਉਪਰ
ਤੇਜ਼ ਦੌੜ ਸਕਣ ।
ਬਾਂਦਰ ਨੂੰ ਟਾਹਣੀਆਂ ਫੜਨ ਲਈ
ਪਤਲੀਆਂ ਅਤੇ ਲੰਮੀਆਂ ਉਂਗਲੀਆਂ ਮਿਲੀਆਂ ਹਨ ।





ਪਸ਼ੂਆਂ ਦੇ ਦੰਦਾਂ ਦੀ ਬਨਾਵਟ
ਇਹੋ ਜੇਹੀ ਹੁੰਦੀ ਹੈ
ਕਿ ਉਹ ਆਪਣੇ ਭੋਜਨ ਨੂੰ
ਚੰਗੀ ਤਰ੍ਹਾਂ ਖਾ ਸਕਣ।
ਮਾਸ ਖਾਣ ਵਾਲਿਆਂ ਦੇ ਲੰਮੇ ਸੂਏ ਹੁੰਦੇ ਹਨ।
ਜਿਸ ਨਾਲ ਉਹ ਮਾਸ ਨੂੰ ਚੀਰ ਸਕਣ।









ਮਾਸ ਖਾਣ ਵਾਲੇ ਪਸ਼ੂਆਂ ਦੇ
ਅਗੋਂ ਕਟਣ ਲਈ ਚੌੜੇ
ਦੰਦ ਅਤੇ ਪਿਛੋਂ ਚਬਾਉਣ ਲਈ
ਵੱਡੀਆਂ ਦਾੜ੍ਹਾਂ ਹੁੰਦੀਆਂ ਹਨ।
ਬਾਂਦਰ ਜਿਹੜੇ ਨਾ ਮਾਸ ਖਾਂਦੇ ਹਨ
ਅਤੇ ਨਾ ਘਾਹ,
ਉਨ੍ਹਾਂ ਨੂੰ ਕੰਦ-ਮੂਲ ਫਲ
ਖਾਣ ਵਾਲੇ ਦੰਦ ਮਿਲੇ ਹਨ।





ਹਾਥੀ ਦਾ ਹਥਿਆਰ ਉਸ ਦੀ ਸੁੰਡ ਹੈ ।

ਗੈਂਡਾ ਆਪਣੀ ਬੂਥਨੀ ਉਪਰ ਉਗੇ ਸਿੰਗ ਨਾਲ ਆਪਣਾ ਬਚਾਉ ਕਰਦਾ ਹੈ ।



ਕੁਝ ਪਸ਼ੂਆਂ ਦੇ ਸਿੰਗ ਜਿਹੜੇ ਇਕ ਵਾਰ ਨਿਕਲ ਆਉਂਦੇ ਹਨ, ਉਮਰ-ਭਰ ਰਹਿੰਦੇ ਹਨ ।

ਪਰ ਕਈਆਂ ਦੇ ਸਾਲ ਵਿਚ ਇਕ ਵਾਰ ਟੁਟ ਕੇ ਫੇਰ ਨਵੇਂ ਨਿਕਲ ਆਉਂਦੇ ਹਨ ।

ਸੇਹ ਆਪਣਾ ਬਚਾਉ ਕੰਡਿਆਂ ਨਾਲ ਕਰਦੀ ਹੈ ।



ਸਿੰਗ ਪਸ਼ੂਆਂ ਦੇ ਹਥਿਆਰ ਹਨ ।
ਸਿੰਗ ਅਕਸਰ ਘਾਹ ਖਾਣ ਵਾਲੇ
ਪਸ਼ੂਆਂ ਦੇ ਹੁੰਦੇ ਹਨ ।
ਸਿੰਗਾਂ ਨਾਲ ਉਹ ਆਪਣਾ
ਬਚਾਉ ਤਾਂ ਕਰਦੇ ਹੀ ਹਨ;
ਕਦੇ ਕਦੇ ਹਮਲਾ ਵੀ ਕਰ ਬੈਠਦੇ ਹਨ
ਹਿਰਨ ਦੇ ਸਿੰਗ ਤਿੱਖੇ ਅਤੇ ਲੰਮੇ
ਹੁੰਦੇ ਹਨ ।
ਬਾਰਾਂ ਸਿੰਗੇ ਦੇ ਸਿੰਗ ਦਰਖ਼ਤ ਦੀਆਂ
ਟਾਹਣੀਆਂ ਵਰਗੇ ਲਗਦੇ ਹਨ ।
ਦੁੰਬੇ ਦੇ ਸਿੰਗ ਕੁੰਡਲਦਾਰ ਅਤੇ
ਸੁੰਦਰ ਹੁੰਦੇ ਹਨ ।




ਘੋੜਾ, ਖੋਤਾ, ਅਤੇ ਖੱਚਰ
ਜਿਨ੍ਹਾਂ ਦੇ ਸਿੰਘ ਨਹੀਂ ਹੁੰਦੇ,
ਲੋੜ ਪੈਣ ਤੇ ਜ਼ੋਰ ਦੀ
ਲਤ ਮਾਰਦੇ ਹਨ ।
ਅਤੇ ਦੰਦਾਂ ਨਾਲ ਕੱਟ ਵੀ ਲੈਂਦੇ ਹਨ।



ਜੀਭ ਦੀ ਵੀ ਇਹੋ ਗੱਲ ਹੈ।
ਮਾਸ ਖਾਣ ਵਾਲੇ ਪਸ਼ੂਆਂ ਦੀ ਜੀਭ
ਲੰਮੀ ਅਤੇ ਖੁਰਦਰੀ ਹੁੰਦੀ ਹੈ।
ਖੁਰਦਰੀ ਜੀਭ ਹੱਡੀ ਨਾਲੋਂ ਮਾਸ
ਛੁਡਾਉਣ ਵਿਚ ਸਹਾਇਕ ਹੁੰਦੀ ਹੈ।



ਪਸ਼ੂਆਂ ਦੇ ਸੁੰਘਣ ਦੀ ਸ਼ਕਤੀ
ਬੜੀ ਤੇਜ਼ ਹੁੰਦੀ ਹੈ।
ਸ਼ਿਕਾਰੀ ਪਸ਼ੂਆਂ ਨੂੰ ਗੰਧ ਨਾਲ,
ਆਸ-ਪਾਸ ਸ਼ਿਕਾਰ ਹੋਣ ਦਾ
ਪਤਾ ਲਗ ਜਾਂਦਾ ਹੈ।
ਇਸੇ ਤਰ੍ਹਾਂ ਸ਼ਿਕਾਰੀ ਪਸ਼ੂਆਂ ਦੀ
ਗੰਧ ਨਾਲ ਹੀ ਦੂਸਰੇ ਪਸ਼ੂ
ਨਸ ਜਾਂਦੇ ਹਨ।
ਜਾਸੂਸੀ ਕੁੱਤੇ ਤਾਂ ਗੰਧ ਨਾਲ ਹੀ
ਚੋਰਾਂ ਦਾ ਪਤਾ ਲਾ ਲੈਂਦੇ ਹਨ।



ਪਸ਼ੂਆਂ ਦੀ ਸੁਣਨ ਦੀ ਸ਼ਕਤੀ
ਬੜੀ ਤੇਜ਼ ਹੁੰਦੀ ਹੈ ।
ਕਈਆਂ ਪਸ਼ੂਆਂ ਦੇ ਕੰਨ ਬਹੁਤ
ਲੰਮੇ ਹੁੰਦੇ ਹਨ ।
ਉਹ ਆਪਣੇ ਕੰਨਾਂ ਨੂੰ ਇਧਰ-ਉਧਰ
ਘੁਮਾ ਵੀ ਸਕਦੇ ਹਨ ।

ਜਿਹੜੇ ਪਸ਼ੂ ਆਪਣਾ ਭੋਜਨ ਰਾਤ
ਨੂੰ ਢੂੰਡਦੇ ਹਨ, ਉਨ੍ਹਾਂ ਦੀਆਂ ਅੱਖਾਂ
ਦੀ ਬਨਾਵਟ ਇਹੋ ਜਿਹੀ ਹੁੰਦੀ ਹੈ
ਕਿ ਉਹ ਥੋੜੇ ਚਾਨਣ ਵਿਚ ਵੀ
ਦੇਖ ਸਕਣ ।



ਪਸ਼ੂਆਂ ਨੂੰ ਦੇਖਣ ਵੇਲੇ
ਸਭ ਤੋਂ ਪਹਿਲਾ ਸਾਡਾ ਧਿਆਨ ਰੰਗ ਉਪਰ ਹੀ ਜਾਂਦਾ ਹੈ।
ਅਕਸਰ ਪਸ਼ੂਆਂ ਦੀ ਪਿਠ ਦਾ ਰੰਗ ਗੂਹੜਾ
ਅਤੇ ਪੇਟ ਦਾ ਹਲਕਾ ਹੁੰਦਾ ਹੈ ।
ਇਸ ਨਾਲ ਉਨ੍ਹਾਂ ਨੂੰ ਲੁਕਣ ਵਿਚ ਸਹਾਇਤਾ ਮਿਲਦੀ ਹੈ।
ਕੁਝ ਪਸ਼ੂਆਂ ਦਾ ਰੰਗ ਚਿਤਰੀ-ਦਾਰ ਹੁੰਦਾ ਹੈ,
ਜਿਸ ਨਾਲ ਉਹ ਧੁਪ-ਛਾਂ ਵਿਚ
ਬੈਠੇ ਦਿਸਦੇ ਨਹੀਂ ।
ਚੀਤਲ ਹਿਰਨ ਧੁਪ-ਛਾਂ ਵਿਚ ਬੈਠਾ
ਚਿਤਰੇ ਨੂੰ ਵਿਖਾਈ ਨਹੀਂ ਦੇਂਦਾ।
ਇਸੇ ਤਰ੍ਹਾਂ ਚਿਤਰਾ ਵੀ ਚੀਤਲ ਨੂੰ
ਦਿਖਾਈ ਨਹੀਂ ਦੇਂਦਾ।







ਜੰਗਲੀ ਪਸ਼ੂਆਂ ਦੇ ਘਰ
ਤਰ੍ਹਾਂ ਤਰ੍ਹਾਂ ਦੇ ਹੁੰਦੇ ਹਨ।
ਕੁਝ ਧਰਤੀ ਵਿਚ ਟੋਇਆ
ਪੁਟ ਕੇ ਉਸ ਵਿਚ ਰਹਿੰਦੇ
ਹਨ। ਕੁਝ ਗੁਫ਼ਾਵਾਂ ਨੂੰ
ਆਪਣਾ ਘਰ ਬਣਾ
ਲੈਂਦੇ ਹਨ।
ਕੁਝ ਦੂਸਰਿਆਂ ਦੀ ਖੋਹਾਂ
ਵਿਚ ਹੀ ਡੇਰਾ ਪਾ ਕੇ
ਬੈਠ ਜਾਂਦੇ ਹਨ।

ਬੰਦਰ ਅਤੇ ਬਨਮਾਨਸ ਦਰਖ਼ਤਾਂ ਦੇ
ਹੇਠਾਂ ਹੀ ਗੁਜ਼ਾਰਾ ਕਰ ਲੈਂਦੇ ਹਨ।
ਜੰਗਲੀ ਪਸ਼ੂ ਜੇਕਰ ਇਕ ਹੀ ਜਗ੍ਹਾ
ਘਰ ਬਣਾ ਕੇ ਰਹਿਣ ਤਾਂ ਸ਼ਿਕਾਰੀ
ਉਨ੍ਹਾਂ ਨੂੰ ਢੂੰਢ ਕੇ ਮਾਰ ਹੀ ਸੁਟਣ।
ਭੋਜਨ ਲਈ ਵੀ ਇਹ ਜਗ੍ਹਾ
ਬਦਲਦੇ ਰਹਿੰਦੇ ਹਨ।







ਸਾਰੇ ਬੱਚਿਆਂ ਦੀ ਤਰ੍ਹਾਂ
ਪਸ਼ੂਆਂ ਦੇ ਬੱਚੇ
ਵੀ ਸੁੰਦਰ ਹੁੰਦੇ ਹਨ,
ਪਿਆਰੇ ਲਗਦੇ ਹਨ ।





ਚੀਤਾ ਸਭ ਤੋਂ ਤੇਜ਼ ਦੌੜਨ
ਵਾਲਾ ਜਾਨਵਰ ਹੈ।
ਇਸਤੋਂ ਬਾਦ ਹਿਰਨ ਅਤੇ
ਖ਼ਰਗੋਸ਼ ਦਾ ਨੰਬਰ ਹੈ।
ਘੋੜਾ ਅਤੇ ਕੁੱਤਾ ਵੀ ਤੇਜ਼
ਦੌੜ ਲੈਂਦੇ ਹਨ ।
ਜੰਗਲੀ ਭੈਂਸਾ, ਹਾਥੀ ਅਤੇ
ਗੈਂਡਾ ਵੀ ਤੇਜ਼ ਦੌੜ
ਸਕਦੇ ਹਨ ।





ਜਿਹੜੇ ਪਸ਼ੂ ਝੁੰਡ ਬਣਾ ਕੇ
ਰਹਿੰਦੇ ਹਨ ਉਹ ਆਪਣਾ ਇਕ
ਸਰਦਾਰ ਚੁਣ ਲੈਂਦੇ ਹਨ।
ਬੰਦਰਾਂ ਅਤੇ ਹਾਥੀਆਂ
ਅੰਦਰ ਇਹ ਗੱਲ ਖ਼ੂਬ
ਦਿਖਾਈ ਦੇਂਦੀ ਹੈ ।
ਇਹ ਮੁਸ਼ਕਲ ਦਾ ਸਾਹਮਣਾ
ਮਿਲਕਰ ਕਰਦੇ ਹਨ ।
ਬੱਚੇ ਅਤੇ ਮਾਦਾ ਦੀ
ਸੁਰੱਖਿਆ ਦਾ ਧਿਆਨ
ਰਖਦੇ ਹਨ ।





ਕਈ ਪਸ਼ੂ ਜੁਗਾਲੀ ਕਰਦੇ ਹਨ ।
ਉਹ ਭੋਜਨ ਨੂੰ ਪਹਿਲਾਂ ਬਿਨਾਂ ਬਰੀਕ ਚਬਾਏ
ਜਲਦੀ-ਜਲਦੀ ਨਿਗਲ ਜਾਂਦੇ ਹਨ ।
ਚਾਰਾ ਖਾ ਕੇ ਜਦੋਂ ਬੈਠ ਜਾਂਦੇ ਹਨ ਤਾਂ ਭੋਜਨ ਨੂੰ
ਪੇਟ ਵਿਚੋਂ ਵਾਪਸ ਮੂੰਹ ਵਿਚ ਲਿਆ ਕੇ ਆਰਾਮ ਨਾਲ
ਚਬਾਉਂਦੇ ਹਨ ।
ਇਸ ਨੂੰ ਹੀ ਜੁਗਾਲੀ ਕਰਨਾ ਕਹਿੰਦੇ ਹਨ ।





ਮਨੁੱਖ ਆਪਣੇ ਸ਼ੌਕ ਲਈ
ਜੰਗਲੀ ਪਸ਼ੂਆਂ ਦਾ ਸ਼ਿਕਾਰ ਕਰਦਾ ਹੈ।
ਪਰ ਮਾਸ-ਅਹਾਰੀ ਪਸ਼ੂ ਦੂਸਰੇ ਪਸ਼ੂਆਂ ਨੂੰ
ਭੋਜਨ ਦੇ ਲਈ ਹੀ ਮਾਰਦੇ ਹਨ।
ਸ਼ੌਕ ਲਈ ਪਸ਼ੂਆਂ ਨੂੰ ਮਾਰਨਾ ਚੰਗੀ ਗੱਲ ਨਹੀਂ ਹੈ।
ਪਸ਼ੂਆਂ ਦੀਆਂ ਕਈ ਜਾਤਾਂ
ਸ਼ਿਕਾਰੀਆਂ ਦੇ ਕਾਰਨ ਖ਼ਤਮ ਹੋ ਚਲੀਆਂ ਹਨ।
ਇਸ ਲਈ ਕਈ ਜਾਨਵਰਾਂ ਦੇ ਸ਼ਿਕਾਰ ਉਪਰ
ਰੋਕ ਲਗਾ ਦਿਤੀ ਗਈ ਹੈ।





ਸਾਡੇ ਦੇਸ਼ ਦੀ ਸਰਕਾਰ ਨੇ ਪਸ਼ੂਆਂ ਦੀ ਰੱਖਿਆ ਲਈ
ਕਈ ਸੰਘਣੇ ਜੰਗਲ ਬਣਾਏ ਹਨ ।
ਸੰਘਣੇ ਜੰਗਲ ਉਹ ਹਨ,
ਜਿਨ੍ਹਾਂ ਦੀ ਹੱਦ ਦੇ ਅੰਦਰ ਪਸ਼ੂਆਂ ਨੂੰ ਮਾਰਨਾ ਮਨ੍ਹਾ ਹੈ ।
ਇਨ੍ਹਾਂ ਜੰਗਲਾਂ ਵਿਚ ਪਸ਼ੂਆਂ ਨੂੰ ਦੇਖਣ ਲਈ
ਦੂਰ ਦੂਰ ਤੋਂ ਲੋਕ ਆਉਂਦੇ ਹਨ ।
ਇਥੇ ਉਨ੍ਹਾਂ ਨੂੰ ਮਨੁੱਖਾਂ ਪਾਸੋਂ ਕਿਸੇ ਕਿਸਮ ਦਾ
ਡਰ ਨਹੀਂ ਹੁੰਦਾ ।



ਕਿਸੇ ਇਕੋ ਹੀ ਜੰਗਲ ਵਿਚ
ਸਭ ਤਰ੍ਹਾਂ ਦੇ ਪਸ਼ੂ ਨਹੀਂ ਹੁੰਦੇ।
ਕੁਝ ਪਹਾੜਾਂ ਵਿਚ ਹੁੰਦੇ ਹਨ।
ਕੁਝ ਮੈਦਾਨਾਂ ਵਿਚ ਹੁੰਦੇ ਹਨ।
ਕੁਝ ਗਰਮ ਜਲਵਾਯੂ ਵਿਚ ਹੁੰਦੇ ਹਨ।
ਕੁਝ ਠੰਡੀ ਜਲਵਾਯੂ ਵਿਚ ਹੁੰਦੇ ਹਨ।
ਵੈਸੇ ਜੰਗਲ ਵਿਚ ਪਸ਼ੂਆਂ ਨੂੰ ਆਸਾਨੀ ਨਾਲ
ਨਹੀਂ ਦੇਖਿਆ ਜਾ ਸਕਦਾ।
ਤੁਸੀ ਚਾਹੋ ਤਾਂ ਚਿੜੀਆ ਘਰ ਵਿਚ ਛੋਟੇ-ਵੱਡੇ
ਸਭ ਕਿਸਮ ਦੇ ਜੰਗਲੀ ਪਸ਼ੂਆਂ ਨੂੰ ਦੇਖ ਸਕਦੇ ਹੋ।
ਏਥੇ ਉਹ ਪਸ਼ੂ ਵੀ ਵੇਖੇ ਜਾ ਸਕਦੇ ਹਨ
ਜਿਹੜੇ ਸਾਡੇ ਦੇਸ ਵਿਚ ਨਹੀਂ ਹੁੰਦੇ।





ਪਸ਼ੂਆਂ ਨੂੰ ਮੋਟੇ ਤੌਰ ਤੇ
ਅਠ ਵਰਗਾਂ ਵਿਚ ਵੰਡਿਆ
ਜਾ ਸਕਦਾ ਹੈ ।
ਬਣਮਾਣਸ, ਬਾਂਦਰ ਅਤੇ
ਲੰਗੂਰ ਇਹ ਇਕ ਵਰਗ ਹੈ।
ਇਹ ਦਰਖ਼ਤਾਂ ਉਪਰ ਹੀ
ਰਹਿੰਦੇ ਹਨ ।
ਬਹੁਤਾ ਫਲ ਆਦਿਕ ਹੀ
ਖਾਂਦੇ ਹਨ ।

ਮਾਸ ਖਾਣ ਵਾਲੇ ਪਸ਼ੂ ਬਹੁਤ ਹਨ ।
ਇਨ੍ਹਾਂ ਵਿਚ ਸ਼ੇਰ, ਬਘਿਆੜ, ਚਿਤਰਾ
ਅਤੇ ਰਿਛ ਪ੍ਰਮੁਖ ਹਨ ।
ਇਨ੍ਹਾਂ ਵਿਚ ਕੁਝ ਇਹੋ ਜਿਹੇ ਵੀ ਹਨ,
ਜਿਹੜੇ ਘਾਹ-ਮਾਸ ਅਤੇ ਫਲ ਸਭ ਕੁਝ
ਖਾ ਲੈਂਦੇ ਹਨ ।





ਤੀਸਰਾ ਵਰਗ ਖੁਰ ਵਾਲੇ ਪਸ਼ੂਆਂ ਦਾ ਹੈ ।
ਇਨ੍ਹਾਂ ਵਿਚ ਸਾਡੇ ਪਾਲਤੂ ਪਸ਼ੂਆਂ ਤੋਂ ਬਿਨਾਂ
ਗੈਂਡਾ, ਸੂਰ, ਬਾਰਾਸਿੰਗਾ ਅਤੇ ਚੀਤਲ ਆਦਿਕ
ਅਨੇਕ ਜੰਗਲੀ ਪਸ਼ੂ ਵੀ ਹਨ ।









ਚੌਥੇ ਵਰਗ ਵਿਚ
ਤਿੱਖੇ ਦੰਦਾਂ ਵਾਲੇ ਪਸ਼ੂਆਂ ਨੂੰ
ਗਿਣ ਸਕਦੇ ਹਾਂ ।
ਸਭ ਕਿਸਮ ਦੇ ਚੂਹੇ, ਗਾਲ੍ਹੜ,
ਖ਼ਰਗੋਸ਼ ਅਤੇ ਸੇਹ
ਇਨ੍ਹਾਂ ਵਿਚ ਪ੍ਰਮੁਖ ਹਨ ।
ਇਨ੍ਹਾਂ ਵਿਚੋਂ ਚੂਹਾ
ਸਾਡਾ ਸਭ ਤੋਂ ਵੱਡਾ ਦੁਸ਼ਮਨ ਹੈ
ਇਹ ਅਨਾਜ ਨੂੰ ਬਹੁਤ
ਨੁਕਸਾਨ ਪੁਚਾਉਂਦਾ ਹੈ ।







ਕੀੜੇ ਖਾਣ ਵਾਲੇ ਪਸ਼ੂਆਂ ਦਾ ਵੀ ਇਕ ਵਰਗ ਹੈ।
ਕੰਡਿਆਲਾ ਚੂਹਾ, ਛਛੂੰਦਰ ਅਤੇ ਕੁਬੰਗ ਇਸ ਵਿਚ
ਆਉਂਦੇ ਹਨ।

ਇਹ ਕੀੜਿਆਂ ਨੂੰ ਖਾ ਕੇ ਸਾਡਾ ਭਲਾ ਹੀ ਕਰਦੇ ਹਨ।




ਪਸ਼ੂਆਂ ਵਿਚ ਚਮਗਿਦੜ ਸਭ ਤੋਂ ਨਿਰਾਲੇ ਹਨ।
ਇਹ ਪੰਛੀਆਂ ਦੀ ਤਰ੍ਹਾਂ ਅਕਾਸ਼ ਵਿਚ ਉਡਦੇ ਹਨ।
ਇਸ ਲਈ ਲੋਕ ਇਸ ਨੂੰ ਪੰਛੀ ਸਮਝ ਲੈਂਦੇ ਹਨ।
ਪਰ ਇਹ ਪੰਛੀ ਨਹੀਂ ਪਸ਼ੂ ਹੈ।
ਇਹ ਰਾਤ ਨੂੰ ਉਡਦੇ ਹਨ।
ਦਿਨ ਵੇਲੇ ਇਨ੍ਹਾਂ ਨੂੰ ਦਿੱਸਦਾ ਨਹੀਂ।



ਇਕ ਵਰਗ ਉਨ੍ਹਾਂ ਪਸ਼ੂਆਂ ਦਾ ਹੈ,
ਜਿਹੜੇ ਧਰਤੀ ਉਪਰ ਨਹੀਂ, ਪਾਣੀ ਵਿਚ ਰਹਿੰਦੇ ਹਨ।
ਵੇਲ ਮੱਛੀ ਅਤੇ ਸੂਸ ਇਹੋ ਜਿਹੇ ਪਸ਼ੂ ਹਨ ।
ਪਾਣੀ ਦੇ ਪਸ਼ੂਆਂ ਨੂੰ ਸਾਹ ਲੈਣ ਲਈ ਬਾਰ-ਬਾਰ
ਪਾਣੀ ਦੇ ਉਪਰ ਆਉਣਾ ਪੈਂਦਾ ਹੈ ।
ਇਨ੍ਹਾਂ ਦੀ ਪੂਛ ਵੀ ਮੱਛੀਆਂ ਦੀ ਤਰ੍ਹਾਂ ਖੜੀ ਨਾ ਹੋ ਕੇ
ਤਿਰਛੀ ਹੁੰਦੀ ਹੈ ।
ਇਹ ਪਾਣੀ ਦੇ ਪਸ਼ੂ ਬੱਚੇ ਜੰਮਦੇ ਹਨ
ਅਤੇ ਉਨ੍ਹਾਂ ਨੂੰ ਆਪਣਾ ਦੁੱਧ ਪਿਲਾਉਂਦੇ ਹਨ।
ਵੇਲ ਮਛੀ ਸੰਸਾਰ ਦਾ ਸਭ ਤੋਂ ਵੱਡਾ ਜਾਨਵਰ ਹੈ।



ਇਕ ਹੋਰ ਅਜੀਬ ਜਾਨਵਰ
ਸਾਡੇ ਦੇਸ਼ ਵਿਚ ਕਿਧਰੇ-ਕਿਧਰੇ ਹੁੰਦਾ ਹੈ ।
ਇਸ ਨੂੰ ਸਾਲ, ਸੱਲੂ-ਸੱਪ ਜਾਂ ਕੀੜੀ-ਖ਼ੋਰ ਕਹਿੰਦੇ ਹਨ।
ਇਸ ਦੇ ਦੰਦ ਨਹੀਂ ਹੁੰਦੇ ।
ਇਹ ਕੀੜੀਆਂ ਅਤੇ ਸਿਉਂਕ ਖਾਂਦਾ ਹੈ ।
ਇਨ੍ਹਾਂ ਦੀ ਖੁਡ ਨੂੰ ਖੋਦ ਕੇ, ਆਪਣੀ ਬੂਥਨੀ ਨੂੰ
ਖੁਡ ਵਿਚ ਵਾੜ ਕੇ, ਲੰਮੀ ਜੀਭ ਫੈਲਾਉਂਦਾ ਹੈ ।
ਕੀੜੀਆਂ ਅਤੇ ਸਿਉਂਕ ਚਿਪਚਿਪੀ ਜੀਭ ਨਾਲ
ਚੰਬੜ ਜਾਂਦੇ ਹਨ ਅਤੇ ਇਹ ਉਨ੍ਹਾਂ ਨੂੰ ਨਿਗਲ ਜਾਂਦਾ ਹੈ।
ਇਸ ਦੇ ਸਰੀਰ ਉਪਰ ਖਪਰੇਲ ਦੀ ਤਰ੍ਹਾਂ
ਇਕ ਦੂਜੇ ਉਪਰ ਚੜ੍ਹੇ ਹੋਏ, ਸ਼ਲਕ ਹੁੰਦੇ ਹਨ ।
ਇਹ ਖ਼ਤਰੇ ਦੇ ਸਮੇਂ ਗੇਂਦ ਵਾਂਗ ਗੋਲ-ਮਟੋਲ
ਬਣ ਜਾਂਦਾ ਹੈ ।





ਮਨੁੱਖ ਨੇ ਬਹੁਤ ਸਾਰੇ ਪਸ਼ੂਆਂ ਨੂੰ
ਪਾਲਤੂ ਬਣਾ ਲਿਆ ਹੈ।
ਉਹ ਇਨ੍ਹਾਂ ਪਾਸੋਂ ਤਰ੍ਹਾਂ-ਤਰ੍ਹਾਂ ਦਾ
ਕੰਮ ਲੈਂਦਾ ਹੈ।



ਗਊਆਂ-ਮਝਾਂ ਦੁੱਧ ਦੇਂਦੀਆਂ ਹਨ।
ਹਾਥੀ, ਘੋੜਾ-ਗਧਾ-ਖੱਚਰ ਅਤੇ ਊਠ
ਸਵਾਰੀ ਅਤੇ ਸਾਮਾਨ ਢੋਂਦੇ ਹਨ।
ਬਲਦ ਅਤੇ ਭੈਂਸੇ ਖੇਤੀ ਦਾ ਕੰਮ ਕਰਦੇ ਹਨ।
ਭੇਡਾਂ-ਬਕਰੀਆਂ ਦਾ ਮਾਸ ਅਤੇ ਉਨ
ਕੰਮ ਆਉਂਦੇ ਹਨ।



ਪਸ਼ੂਆਂ ਦੇ ਚਮੜੇ ਨਾਲ ਜੁਤੀਆਂ ਅਤੇ
ਤਰ੍ਹਾਂ-ਤਰ੍ਹਾਂ ਦੀਆਂ ਚੀਜ਼ਾਂ ਬਣਾਈਆਂ
ਜਾਂਦੀਆਂ ਹਨ।
ਪਸ਼ੂਆਂ ਦੇ ਗੋਹੇ ਨਾਲ
ਵਧੀਆ ਖਾਦ ਬਣਦੀ ਹੈ।
ਇਹ ਪਸ਼ੂ ਜਿਊਂਦੇ ਜੀ ਤਾਂ
ਸਾਡੇ ਕੰਮ ਆਉਂਦੇ ਹੀ ਹਨ,
ਮਰ ਕੇ ਵੀ ਸਾਡੇ ਕੰਮ ਆਉਂਦੇ ਹਨ।







ਸਾਨੂੰ ਪਾਲਤੂ ਪਸ਼ੂਆਂ ਦੇ
ਖਾਣ-ਪੀਣ ਦਾ ਪੂਰਾ-ਪੂਰਾ
ਧਿਆਨ ਰਖਣਾ ਚਾਹੀਦਾ ਹੈ।
ਜਦੋਂ ਕਦੀ ਵੀ ਇਹ ਬਿਮਾਰ
ਹੋ ਜਾਣ, ਪਸ਼ੂਆਂ ਦੇ
ਹਸਪਤਾਲ ਵਿਚ ਇਨ੍ਹਾਂ ਦਾ
ਇਲਾਜ ਕਰਾਉਣਾ ਚਾਹੀਦਾ
ਹੈ। ਇਨ੍ਹਾਂ ਦੇ ਰਹਿਣ ਦੀ
ਜਗਾ ਸਾਫ਼-ਸੁਥਰੀ ਰਹਿਣੀ
ਚਾਹੀਦੀ ਹੈ। ਇਨ੍ਹਾਂ ਦੇ ਬੱਚੇ
ਦੇ ਹਿਸੇ ਦਾ ਦੁੱਧ ਨਹੀਂ
ਚੋਣਾ ਚਾਹੀਦਾ।

ਭਾਰ ਢੋਣ ਵਾਲੇ ਪਸ਼ੂਆਂ
ਉਪਰ ਬਹੁਤ ਜ਼ਿਆਦਾ ਭਾਰ
ਨਹੀਂ ਲਦਣਾ ਚਾਹੀਦਾ।

ਪਸ਼ੂ ਸਾਡੀ ਤਰ੍ਹਾਂ ਬੋਲ ਨਹੀਂ ਸਕਦੇ,
ਉਹ ਆਪਣਾ ਦੁਖ-ਤਕਲੀਫ਼ ਸਾਨੂੰ ਦਸ ਨਹੀਂ ਸਕਦੇ।
ਇਸ ਲਈ ਸਾਨੂੰ ਆਪਣੇ ਆਪ
ਉਨ੍ਹਾਂ ਦਾ ਧਿਆਨ ਰਖਣਾ ਚਾਹੀਦਾ ਹੈ।
ਉਨ੍ਹਾਂ ਪਾਸੋਂ ਓਨਾ ਹੀ ਕੰਮ ਲੈਣਾ ਚਾਹੀਦਾ ਹੈ
ਜਿੰਨਾ ਉਹ ਠੀਕ ਤਰ੍ਹਾਂ ਕਰ ਸਕਦੇ ਹਨ।
ਪਸ਼ੂ ਬਿਮਾਰ ਹੋਣ ਉਪਰ ਖਾਣਾ-ਪੀਣਾ ਬੰਦ ਕਰ ਦੇਂਦੇ ਹਨ, ਜਿਸ ਨਾਲ ਉਨ੍ਹਾਂ ਦੇ ਬਿਮਾਰ ਹੋ ਜਾਣ ਦਾ ਪਤਾ ਚਲ ਜਾਂਦਾ ਹੈ। ਪਸ਼ੂਆਂ ਨੂੰ ਛੂਤ ਦੀਆਂ ਬਿਮਾਰੀਆਂ ਤੋਂ ਬਚਾਉਣਾ ਚਾਹੀਦਾ ਹੈ। ਪਸ਼ੂਆਂ ਦੇ ਨਾਲ ਦਇਆ ਦਾ ਵਰਤਾਓ ਕਰਨਾ ਚਾਹੀਦਾ ਹੈ।





ਪਸ਼ੂ ਸਾਡੇ ਮਿੱਤਰ ਹਨ ।
ਉਹ ਸਾਡੀਆਂ ਅਨੇਕਾਂ
ਲੋੜਾਂ ਪੂਰੀਆਂ ਕਰਦੇ ਹਨ ।







